BRAMPTON Flower City
brampton.ca

media release

ਤੁਰੰਤ ਰਿਲੀਜ ਲਈ

## ਬ੍ਰੈਂਪਟਨ ਪੋਸਟ ਸੈਕੰਡਰੀ ਸਿੱਖਿਆ ਲਈ ਵਾਧੂ ਵਿਕਲਪਾਂ ਦੀ ਪੜਚੋਲ ਕਰ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (25 ਸਤੰਬਰ, 2019) – ਟਰਮ ਆਫ ਕਾਉਂਸਿਲ ਪ੍ਰਾਇਰਿਟੀਜ (Term of Council Priorities) ਦੇ ਅਨੁਸਾਰ, ਸਿਟੀ ਆਫ ਬ੍ਰੈਂਪਟਨ ਲਗਾਤਾਰ ਬ੍ਰੈਂਪਟਨ ਵਿੱਚ ਯੂਨੀਵਰਸਿਟੀ ਦੀ ਸਥਾਪਨਾ ਲਈ ਵਿਕਲਪ ਲੱਭ ਰਹੀ ਹੈ। ਅੱਜ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਸਰਬ-ਸੰਮਤੀ ਨਾਲ, ਬ੍ਰੈਂਪਟਨ ਵਿੱਚ ਪੋਸਟ ਸੈਕੰਡਰੀ ਸਿੱਖਿਆ ਪੇਸ਼ਕਸ਼ਾਂ ਦੇ ਹੱਲ ਲਈ ਇੱਕ ਹੋਰ ਕਦਮ ਚੁੱਕਿਆ।

ਸਿਟੀ ਦਾ ਸਟਾਫ਼ ਬ੍ਰੈਂਪਟਨ ਯੂਨੀਵਰਸਿਟੀ (Brampton University) ਦੀ ਸਥਾਪਨਾ ਲਈ ਵਿਕਲਪਾਂ ਦੀ ਪੜਚੋਲ ਕਰੇਗਾ, ਜਿਹਨਾਂ ਵਿੱਚ ਇਹ ਸ਼ਾਮਲ ਹਨ:

- ਅਜਿਹੀਆਂ ਬਿਲਡਿੰਗਾਂ ਵਿਕਸਿਤ ਕਰਨ, ਉਹਨਾਂ ਦਾ ਨਿਰਮਾਣ ਕਰਨ ਅਤੇ ਉਹਨਾਂ ਨੂੰ ਕਾਇਮ ਰੱਖਣ ਲਈ ਪਬਲਿਕ-ਪ੍ਰਾਈਵੇਟ ਭਾਈਵਾਲੀਆਂ, ਜੋ ਬ੍ਰੈਂਪਟਨ ਯੂਨੀਵਰਸਿਟੀ ਅਤੇ ਸੰਭਾਵੀ ਵਿਦਿਆਰਥੀ ਰਿਹਾਇਸ਼ ਲਈ ਥਾਂ ਦੇਣਗੀਆਂ
- ਬ੍ਰੈਂਪਟਨ ਯੂਨੀਵਰਸਿਟੀ ਲਈ ਸਹਿਯੋਗ ਪ੍ਰਾਪਤ ਕਰਨ ਲਈ ਸਰਕਾਰ ਦੇ ਸੂਬਾਈ ਅਤੇ ਸੰਘੀ ਮਹਿਕਮਿਆਂ ਵਿਖੇ ਹਿਮਾਇਤ ਯਤਨ
- ਬਿਜਨੇਸ ਕੇਸ ਅਤੇ ਪ੍ਰੋਗਰਾਮਿੰਗ ਸਬੰਧੀ ਸੰਭਾਵਨਾਵਾਂ ਸਥਾਪਤ ਕਰਨਾ, ਜੋ ਮੌਜੂਦਾ ਅਤੇ ਭਵਿੱਖੀ ਇੰਪਲਾਇਰਸ ਦੀਆਂ ਮੰਗਾਂ ਦਰਸਾਉਂਦੀਆਂ ਹੋਣ

ਸਿਟੀ ਰਾਇਰਸਨ ਯੂਨੀਵਰਸਿਟੀ (Ryerson University), ਅਲਗੋਮਾ ਯੂਨੀਵਰਸਿਟੀ (Algoma University) ਅਤੇ ਸ਼ੈਰੀਡਨ ਕਾਲੇਜ (Sheridan College) ਸਮੇਤ, ਮੌਜੂਦਾ ਪੋਸਟ ਸੈਕੰਡਰੀ ਭਾਈਵਾਲਾਂ ਦੇ ਨਾਲ ਲੰਮੀ-ਮਿਆਦ ਦੇ ਰਿਸ਼ਤਿਆਂ ਦਾ ਨਿਰਮਾਣ ਕਰਨ ਲਈ ਵਚਨਬੱਧ ਹੈ। ਇਹ ਸਾਰੇ ਮਾਨਤਾ ਪ੍ਰਾਪਤ ਅਤੇ ਪੂਰੀ ਤਰ੍ਹਾਂ ਸਨਮਾਨਿਤ ਇੰਸਟੀਟਿਊਸ਼ਨ ਹਨ, ਜੋ ਲਗਾਤਾਰ ਬ੍ਰੈਂਪਟਨ ਵਿੱਚ ਨਿਵੇਸ਼ ਕਰ ਰਹੇ ਹਨ ਅਤੇ ਵਿਕਸਿਤ ਹੋ ਰਹੇ ਹਨ। ਇਹ ਨਿਵਾਸੀਆਂ ਲਈ ਨਵੇਂ ਪ੍ਰੋਗਰਾਮ ਵਿਕਲਪ ਲੈ ਕੇ ਆਏ ਹਨ। ਇਹਨਾਂ ਰਿਸ਼ਤਿਆਂ ਦੇ ਅੱਗੇ ਵਧਣ ਨਾਲ ਮਹੱਤਵਪੂਰਨ ਸਫਲਤਾਵਾਂ ਮਿਲੀਆਂ ਹਨ, ਜਿਹਨਾਂ ਵਿੱਚ ਸ਼ਾਮਲ ਹਨ:

- ਸਿਟੀ ਹਾਲ (City Hall) ਦੇ ਵੈਸਟ ਟਾਵਰ (West Tower) ਵਿੱਚ ਚੈਂਗ ਸਕੂਲ ਫਾਰ ਕੰਟੀਨਿਊਇੰਗ ਐਜੁਕੇਸ਼ਨ (Chang School for Continuing Education) ਕੋਰਸਾਂ ਦੀ ਸਥਾਪਨਾ
- ਸਿਟੀ ਹਾਲ ਤੋਂ ਸੰਚਾਲਨ ਲਈ – ਰੋਜਰਸ ਸਾਇਬਰਸਿਕਿਓਰ ਕੈਟਾਲਿਸਟ (Rogers Cybersecure Catalyst) ਦੀ ਘੋਸ਼ਣਾ
- ਡਾਉਨਟਾਉਨ ਬ੍ਰੈਂਪਟਨ ਵਿੱਚ ਅਲਗੋਮਾ ਯੂਨੀਵਰਸਿਟੀ ਦੇ ਫਿਜੀਕਲ ਫੁਟਪ੍ਰਿੰਟ ਅਤੇ ਪ੍ਰੋਗਰਾਮ ਪੇਸ਼ਕਸ਼ ਦਾ ਲਗਾਤਾਰ ਵਿਸਤਾਰ
- ਸਿਟੀ ਦੇ ਕੋ-ਵਰਕਿੰਗ/ਇਨਕਿਊਬੇਟਰ ਸਪੇਸ ਡਾਉਨਟਾਉਨ ਵਿੱਚ ਸਹਿਯੋਗ ਲਈ ਰਾਇਰਸਨ ਯੂਨੀਵਰਸਿਟੀ ਦੇ ਨਾਲ ਸਮਝੌਤੇ ਦੇ ਪ੍ਰਤੀ ਕੰਮ ਕਰਨਾ

**ਹਵਾਲੇ**

"ਸੂਬਾ ਨਵੇਂ ਪੋਸਟ ਸੈਕੰਡਰੀ ਮਾੱਡਲਸ ਦੀ ਰਾਇ ਲੈਣ ਅਤੇ ਉਹਨਾਂ ਨੂੰ ਸਹਿਯੋਗ ਕਰਨ ਲਈ ਤਿਆਰ ਹੈ, ਜੋ ਵਿਦਿਆਰਥੀਆਂ ਲਈ ਜਵਾਬਦੇਹ ਹਨ ਅਤੇ ਉਹਨਾਂ ਨੂੰ ਤਰਜੀਹ ਦਿੰਦੇ ਹਨ, ਅਤੇ ਅਜਿਹੀਆਂ ਨੌਕਰੀਆਂ ਲਈ ਟ੍ਰੇਨਿੰਗ ਤੇ ਧਿਆਨ ਕੇਂਦਰਿਤ ਕਰਦੇ ਹਨ, ਜਿਹਨਾਂ ਦੀ ਇੰਪਲਾਇਰਸ ਨੂੰ ਭਰਨ ਦੀ ਲੋੜ ਹੈ। ਅਸੀਂ ਬ੍ਰੈਂਪਟਨ ਲਈ ਅਜਿਹੇ ਹੋਰ ਪੋਸਟ ਸੈਕੰਡਰੀ ਵਿਕਲਪ ਲਿਆਉਣ ਲਈ ਸਾਰੀਆਂ ਯੋਗ ਧਿਰਾਂ ਨਾਲ ਮਿਲ ਕੇ ਕੰਮ ਕਰਾਂਗੇ, ਜੋ ਮੌਕਿਆਂ ਦਾ ਸ਼ਹਿਰ (City of Opportunities) ਬਣਾਉਣ ਵਿੱਚ ਮਦਦ ਕਰਦੇ ਹੋਏ, ਸਾਡੇ ਨਿਵਾਸੀਆਂ, ਵਿਦਿਆਰਥੀਆਂ, ਕਾਰੋਬਾਰੀਆਂ ਅਤੇ ਭਾਈਚਾਰੇ ਦੀਆਂ ਲੋੜਾਂ ਨੂੰ ਪੂਰਾ ਕਰਨਾ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

"ਬ੍ਰੈਂਪਟਨ, ਓਨਟੈਰੀਓ ਵਿੱਚ ਸਭ ਤੋਂ ਵੱਧ ਜੋਸ਼ੀਲਾ, ਗਤੀਸ਼ੀਲ ਅਤੇ ਤੇਜ਼ੀ ਨਾਲ ਵਧਣ ਵਾਲਾ ਭਾਈਚਾਰਾ ਹੈ। ਪਰਿਵਾਰ ਨੂੰ ਵਿਕਸਿਤ ਕਰਨ ਅਤੇ ਅੱਗੇ ਵਧਣ ਦੇ ਮੌਕੇ ਜਾਰੀ ਰੱਖਣ ਲਈ ਸਾਡੇ ਪਿਆਰੇ ਸੂਬੇ ਤੋਂ ਬਿਹਤਰ ਹੋਰ ਕੋਈ ਥਾਂ ਨਹੀਂ ਹੈ। ਸਿੱਖਿਆ, ਭਵਿੱਖ ਵਿੱਚ ਸਾਡੀ ਸਿਟੀ ਦੀ ਸਫਲਤਾ ਦਾ ਮੁੱਖ ਸੰਚਾਲਕ ਬਣੀ ਰਹੇਗੀ, ਅਤੇ ਬ੍ਰੈਂਪਟਨ ਦੇ ਵਿਦਿਆਰਥੀ ਖੁਸ਼ਕਿਸਮਤ ਹਨ ਕਿ ਆਪਣੀ ਅੱਗੇ ਦੀ ਸਿੱਖਿਆ ਅਤੇ ਆਪਣੇ ਕੈਰੀਅਰਾਂ ਨੂੰ ਅਗਾਂਹ ਵਧਾਉਣ ਦੇ ਸ਼ਾਨਦਾਰ ਮੌਕਿਆਂ ਤੱਕ ਉਹਨਾਂ ਦੀ ਪਹੁੰਚ ਹੈ। ਮੈਂ ਪਾਰਲੀਆਮੈਂਟਰੀ ਅਸਿਸਟੈਂਟ ਡੇਵਿਡ ਪਿਚਿਨੀ (Parliamentary Assistant David Piccini) ਅਤੇ ਮਿਨਿਸਟਰੀ ਆਫ ਟ੍ਰੇਨਿੰਗ, ਕਾਲੇਜ, ਅਤੇ ਯੂਨੀਵਰਸਿਟੀਆਂ ਵਿਖੇ ਉਹਨਾਂ ਦੀ ਟੀਮ ਦੇ ਯੂਨੀਵਰਸਿਟੀ ਸਬੰਧੀ ਪ੍ਰਸਤਾਵ ਬਾਰੇ ਸਿਟੀ ਆਫ ਬ੍ਰੈਂਪਟਨ ਦੇ ਨਾਲ ਵਿਚਾਰਸ਼ੀਲ ਵਿਚਾਰ-ਵਟਾਂਦਰਿਆਂ ਨੂੰ ਜਾਰੀ ਰੱਖਣ ਲਈ, ਉਹਨਾਂ ਦੇ ਨਾਲ ਮਿਲ ਕੇ ਕੰਮ ਕਰਨ ਲਈ ਉਤਸ਼ਾਹਿਤ ਹਾਂ।"

- *ਸਨਮਾਨਯੋਗ ਪ੍ਰਭਮੀਤ ਸਰਕਾਰੀਆ (Prabmeet Sarkaria), ਮੈਂਬਰ ਆਫ ਪ੍ਰੋਵਿੰਸ਼ੀਅਲ ਪਾਰਲੀਆਮੈਂਟ, ਬ੍ਰੈਂਪਟਨ ਸਾਊਥ ਐਂਡ ਐਸੋਸੀਏਟ ਮਿਨਿਸਟਰ ਆਫ ਸਮਾਲ ਬਿਜਨੇਸ ਐਂਜ ਰੈਡ ਟੇਪ ਰੀਡਕਸ਼ਨ*

"ਸਾਡੀ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਪੂਰੇ ਸੂਬੇ ਦੇ ਵਿਦਿਆਰਥੀਆਂ ਦੀ ਉੱਚ-ਕਿਸਮ ਦੀ ਪੋਸਟ ਸੈਕੰਡਰੀ ਸਿੱਖਿਆ ਤੱਕ ਪਹੁੰਚ ਹੈ ਅਤੇ ਉਹ ਪ੍ਰਾਪਤ ਕਰਦੇ ਹਨ। ਸਾਡੀ ਸਰਕਾਰ ਲਈ ਟੈਕਸ ਦੇਣ ਵਾਲਿਆਂ ਨੂੰ ਸਨਮਾਨ ਅਤੇ ਟੈਕਸ ਡਾਲਰ ਵਾਪਸ ਕਰਨਾ ਜ਼ਰੂਰੀ ਹੈ, ਜਿਸ ਵਿੱਚ ਇਹ ਯਕੀਨੀ ਬਣਾਉਣਾ ਸ਼ਾਮਲ ਹੈ ਕਿ ਸਾਰੇ ਪ੍ਰੋਗਰਾਮ ਨੌਕਰੀ ਪੈਦਾ ਕਰਨ ਲਈ ਕਾਬਲ, ਪ੍ਰਭਾਵੀ ਅਤੇ ਸਹਾਇਕ ਹਨ। ਅਸੀਂ ਪਾਰਲੀਆਮੈਂਟਰੀ ਅਸਿਸਟੈਂਟ ਡੇਵਿਡ ਪਿਚਿਨੀ ਦੇ ਨਾਲ ਮਿਲ ਕੇ ਕੰਮ ਕਰਨ ਅਤੇ ਆਉਣ ਵਾਲੇ ਮਹੀਨਿਆਂ ਵਿੱਚ ਨਵੀਂ ਯੂਨੀਵਰਸਿਟੀ ਲਈ ਸਿਟੀ ਆਫ ਬ੍ਰੈਂਪਟਨ ਦੇ ਪ੍ਰਸਤਾਵ ਅਤੇ ਬਿਜਨੇਸ ਕੇਸ ਦੀ ਸਮੀਖਿਆ ਕਰਨ ਲਈ ਉਤਸ਼ਾਹਿਤ ਹਾਂ।"

- *ਅਮਰਜੋਤ ਸੰਧੂ (Amarjot Sandhu), ਮੈਂਬਰ ਆਫ ਪ੍ਰੋਵਿੰਸ਼ੀਅਲ ਪਾਰਲੀਆਮੈਂਟ, ਬ੍ਰੈਂਪਟਨ ਵੈਸਟ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca